# ਰਾਕੇਟ

ਰਾਜਵਿੰਦਰ ਸਿੰਘ ਰਾਜਾ

ਅੱਜ ਵੀ ਮੈਂ ਸਕੂਲੇ ਭੁੱਖੇ ਢਿੱਡ ਆਇਆ ਸੀ ਕਿਉਂਕਿ ਘਰਵਾਲੀ ਹਮੇਸ਼ਾ ਲੜਦੀ ਰਹਿੰਦੀ ਸੀ ਕਿ ਸਾਰੀ ਉਮਰ ਦਾਰੂ ਪੀਣੀ ਸਿੱਖੀ ਹੈ ਕਿ ਕੁੱਝ ਬਣਾਇਆ ਵੀ ਹੈ, ਦਾਰੂ ਤਾਂ ਕਿਸੇ ਨੇ ਨਹੀਂ ਵੇਖਣੀ। ਮੈਂ ਕਿਉਂ ਪੀਂਦਾਂ, ਕਾਹਤੋਂ ਪੀਦਾਂ ਹਾਂ, ਪੀਣ ਪਿੱਛੇ ਕੀ ਮਜਬੂਰੀ ਹੈ,ਇਹ ਤਾਂ ਕਿਤੇ ਫਿਰ ਦਸਾਂਗਾਂ ਕਿਉਂਕਿ ਭੁੱਖਿਆਂ ਤੋਂ ਭਗਤੀ ਨਹੀਂ ਹੁੰਦੀ, ਪਹਿਲਾਂ ਇਸੇ ਮੁਸੀਬਤ ਨੂੰ ਹੱਲ ਕਰਿਆ ਜਾਵੇ। ਜੇਕਰ ਪ੍ਰੋਫੈਸਰ ਸ਼ਰਮਾ ਜੀ ਕੋਲ ਰੋਟੀ ਜਾ ਖਾਦੀ ਤਾਂ 100 ਸਵਾਲ ਕਰੇਗਾ ਤੇ ਫਿਰ ਮਸਾਲਾ ਲਾ ਕੇ ਸਾਰੇ ਸਟਾਫ ਨੂੰ ਦੱਸੇਗਾ। ਮੇਰੀ ਮੁਫਤ 'ਚ ਮਸ਼ਹੂਰੀ ਕਰ ਦੇਵੇਗਾ । ਸ਼ਾਇਦ ਇਹੋ-ਜਿਹੇ ਨਮੂਨੇ ਜੰਮੇ ਹੀ ਮਸ਼ਹੂਰੀ ਕਰਨ ਵਾਸਤੇ ਹੁੰਦੇ ਹਨ। ਵੈਸੇ ਵੀ ਬੱਚਿਆਂ ਦੇ ਪੇਪਰ ਖਤਮ ਹੋ ਚੁੱਕੇ ਸਨ, ਸਾਰਾ ਸਟਾਫ ਪੇਪਰ ਚੈਕ ਕਰਨ ਵਾਸਤੇ ਹੀ ਆਉਂਦਾ ਸੀ ਕਿ ਰਿਜਲਟ ਛੇਤੀ ਤੋਂ ਛੇਤੀ ਤਿਆਰ ਕਰਕੇ ਕਲਾਸਾਂ ਸ਼ੁਰੂ ਕੀਤੀਆਂ ਜਾਣ। ਅੱਜ ਕੱਲ੍ਹ ਪਬਲਿਕ ਸਕੂਲਾਂ ਦਾ ਬੋਲਬਾਲਾ ਕੁਝ ਬਹੁਤਾ ਹੀ ਹੈ, ਲੋਕ ਸਰਕਾਰੀ ਸਕੂਲਾਂ ਤੋਂ ਖੌਰੇ ਕਾਹਤੋਂ ਕੰਨੀ-ਕਤਰਾਉਂਦੇ ਹੈਗੇ, ਪ੍ਰਾਈਵੇਟ ਸਕੂਲਾਂ 'ਚ ਬੱਚੇ ਵੀ ਖਰਾਬ ਹੁੰਦੇ ਹਨ ਤੇ ਪੈਸੇ ਵੀ । ਇਹ ਇਹਨਾਂ ਨੂੰ ਕੌਣ ਸਮਝਾਵੇ ਕਿ ਜਿਹੜੇ ਉਥੇ ਪੜ੍ਹਾਉਂਦੇ ਹਨ, ਕੋਈ 12ਵੀਂ ਜਮਾਤ ਤੋਂ ਜ਼ਿਆਦਾ ਨਹੀਂ ਪੜ੍ਹਿਆ, ਹਾਂ ਜੇਕਰ ਕੋਈ ਬੀ.ਏ. ਕਰ ਵੀ ਗਿਆ ਹੈ, ਤਾਂ ਉਹ ਵੀ ਨਕਲ ਮਾਰ ਕੇ, ਉਹਦਾ ਪੜ੍ਹਾਇਆ ਜ਼ਰੂਰ ਡੀ.ਸੀ. ਲੱਗ ਜਾਊ । ਬੱਸ ਇਹੋ ਜਿਹੀਆਂ ਸੋਚਾਂ ਸੋਚਦਾ ਮੈਂ ਪੇਪਰ ਦੇਖਣ ਦੀਆਂ ਤਿਆਰੀਆਂ ਕਰ ਰਿਹਾ ਸੀ। ਮੈਂ ਲਾਲ ਸਿੰਘ ਸੇਵਾਦਾਰ ਨੂੰ ਵਾਜ ਮਾਰੀ ਕਿ ਮੇਰੀ ਕੁਰਸੀ ਤੇ ਮੇਜ ਪੇਪਰ ਵਗੈਰਾ ਚੁੱਕ ਕੇ ਉਹ ਬੋਹੜ ਥੱਲੇ ਰੱਖ ਆ ਜਿਥੇ ਮਰੂੰਡਾ, ਗੱਚਕ ਮੂੰਗਫਲੀ ਵੇਚਣ ਵਾਲਾ ਬਾਬਾ ਹਰੀ ਸਿਉਂ ਬੈਠਾ ਐ, ਲਾਲ ਸਿੰਘ ਨੇ ਮੇਰੇ ਇਸ਼ਾਰੇ ਉਪੱਰ ਸਾਰਾ ਸਮਾਨ ਉਥੇ ਰੱਖ ਆਂਦਾ ਮੈਂ ਬਾਥਰੂਮ ਜਾ ਕੇ ਹੱਥ ਮੂੰਹ ਧੋ ਕੇ ਕੁਰਸੀ ਉਪੱਰ ਜਾ ਡੇਰੇ ਲਾਏ।

ਬਾਬਾ ਹਰੀ ਸਿਆਂ ਯਾਰ 5 ਕੁ ਰੁਪਇਆਂ ਦੇ ਦਾਣੇ ਦੇਈਂ ਛੋਲਿਆਂ ਦੇ, ਛੱਕ ਈ ਲਈਏ, ਕਿਤੇ ਕਤਾਈਂ ਹਲਕਾ ਖਾਣਾ ਵੀ ਖਾਣਾ ਚਾਹੀਦਾ ਹੈ।

"ਲੈ ਪੁੱਤਰਾ ਕਿੱਥੇ ਰੱਖਾਂ?" ਮੇਜ ਤੇ ਹੀ ਰੱਖ ਦਿੰਦਾ ਹਾਂ, "ਦਾਣੇ ਰੱਖ ਬਾਬਾ ਹਰੀ ਸਿਉਂ ਖੜੋ ਗਿਆ।"

"ਹਾਲੇ ਪੁੱਤਰਾ ਸਕੂਲ ਕਿੰਨੇ ਕੁ ਦਿਨ ਹੋਰ ਨਹੀਂ ਲੱਗਦਾ, ਨਤੀਜਾ ਕਦੋਂ ਤੱਕ ਬਣ ਜਾਊ।"

"ਬਾਬਾ ਤੇਰੇ ਸਾਹਮਣੇ ਸਕੂਲ ਲਗਦਾ ਤਾਂ ਐ, ਹਾਂ ਬੱਚੇ ਨਹੀਂ ਆਉਂਦੇ, ਸ਼ਾਇਦ ਤੇਰੀ ਦੁਕਾਨਦਾਰੀ ਬੱਚਿਆਂ ਨਾਲ ਹੀ ਚੱਲਦੀ ਹੈ ਇਸੇ ਕਰਕੇ ਤੂੰ ਪੁੱਛਦਾ ਹੈਂ।"

"ਨਹੀਂ ਪੁੱਤਰਾ ਉਹ ਤਾਂ ਗੱਲ ਨਹੀਂ, ਪਰ ਫਿਰ ਵੀ ਐਡੀ ਦਿਹਾੜੀ ਖਰਾਬ ਵੀ ਕਰਨੀ ਤੇ ਕੁਝ ਕਮਾਈ ਵੀ ਨਾ ਹੋਵੇ । ਬਸ ਵਿਹਲੇ ਜਿਹੇ ਬੈਠ ਕੇ ਮੁੜ ਜਾਈਦਾ।"

ਮੈਂ ਇੱਕ ਟੱਕ ਬਾਬੇ ਦੀਆਂ ਅੱਖਾਂ , ਚਿਹਰੇ 'ਤੇ ਨਿਗ੍ਹਾ ਮਾਰੀ ਤਾਂ ਮੈਨੂੰ ਇਹ ਸ਼ਖਸ ਕੋਈ ਛੁਪਿਆ ਰੁਸਤਮ ਜਾਪਿਆ ਜਿਸ ਦੇ ਖੰਭ ਕਿਸਮਤ ਦੀ ਕੈਂਚੀ ਨੇ ਕੱਟ ਦਿੱਤੇ ਹੋਣ ।

"ਕੋਈ ਨਾ ਬਾਪੂ ਹੌਂਸਲਾ ਰੱਖ, ਕੱਲ ਪਰਸੋਂ ਤੱਕ ਨਤੀਜਾ ਬਣ ਜਾਊਗਾ, ਵੈਸੇ ਬਾਬਾ ਮੈਨੂੰ ਤਾਂ ਦੋ ਕੁਸਾਲ ਹੋਏ ਹਨ ਇਥੇ ਆਏ ਨੂੰ ਤੈਨੂੰ ਕਿੰਨਾ ਕੁ ਚਿਰ ਹੋ ਗਿਆ ਇਥੇ ਸਕੂਲ ਆਉਂਦੇ ਨੂੰ ।"

"ਮੈਂ ਕੋਈ ਪੁੱਤਰਾ 15 ਕੁ ਸਾਲ ਦਾ ਇਥੇ ਆਉਂਦਾ ਹਾਂ।"

"ਹੱਛਾ ! ਪਹਿਲਾਂ ਬਾਬਾ ਜਵਾਨੀ ਵੇਲੇ ਕੀ ਕਰਦਾ ਸੀ।"

ਤੂੰ ਕੀ ਲੈਣਾ ਪੁੱਤਰਾ ਲੰਮੀ ਕਹਾਣੀ ਹੈ, "ਤੂੰ ਆਪਣੇ ਪੇਪਰ ਵੇਖ ਲੈ ਕਿਤੇ ਵਿਹਲੇ ਟਾਇਮ ਸੁਣਾ ਦਿਉ।"

"ਕੋਈ ਨਾ ਬਾਬਾ ਦੋ ਚਾਰ ਪੇਪਰ ਹੀ ਰਹਿੰਦੇ ਨੇ । ਮੈਂ ਦੇਖ ਲਊਂ ਤੂੰ ਸੁਣਾ ਆਪਣੀ ਕਹਾਣੀ, ਸ਼ਾਇਦ ਮੈਂ ਕੁਝ ਤੇਰੇ ਵਾਸਤੇ ਕਰ ਸਕਦਾ ਹੋਇਆ ਤਾਂ ਜ਼ਰੂਰ ਕਰੂੰਗਾ।"

"ਪੁੱਤਰਾ ਜਿਹੜੇ ਆਵਦੇ ਸੀ ਉਹ ਕੁਝ ਨਹੀਂ ਕਰ ਸਕੇ ਬਿਗਾਨਾ ਕੌਣ ਹੈ ਕਰਨ ਵਾਲਾ, ਪਰ ਫਿਰ ਵੀ ਤੂੰ ਕਹਿਨਾ ਹੈ ਤਾਂ ਸੁਣਾ ਦਿੰਦਾ ਹਾਂ । ਮੈਂ ਛੋਲੇ ਚੱਬਣੇ ਸ਼ੁਰੂ ਕਰ ਦਿੱਤੇ ਤੇ ਬਾਬੇ ਨੇ ਕਸੀਸ ਵੱਟ ਕੇ ਆਪਣੀ ਕਹਾਣੀ ਸ਼ੁਰੂ ਕਰ ਦਿੱਤੀ। ਮੇਰੀ ਉਮਰ ਹੁਣ ਪੁੱਤਰ 60 ਤੇ 2 ਵਰ੍ਹਿਆਂ ਦੀ ਹੈ, ਐ ਚਿੱਟੇ ਧੌਲੇ ਪੁੱਤਰਾ ਬਹੁਤ ਔਖੇ ਆਏ, ਸਾਰੀ ਜ਼ਿੰਦਗੀ ਗੁਜ਼ਾਰ ਕੇ। ਮੇਰਾ ਦਾਦਾ ਐਸ਼ੀ ਪੱਠਾ ਸੀ ਤੇ ਦਾਦੀ ਵਿਚਾਰੀ ਗਊ, ਤੜਕੇ ਉਠੱ ਕੇ ਨਾਮ ਲੈਣ ਵਾਲੀ ਸੀ। ਮਾੜੇ ਕਰਮਾਂ ਵਾਲੀ ਸੀ ਵਿਚਾਰੀ ਪਤਾ ਨਹੀਂ ਕਿਹੜੀ ਕੁਲੈਹਣੀ ਘੜੀ ਮੇਰੇ ਦਾਦੇ ਨਾਲ ਸੰਯੋਗ ਰਲ ਗਏ, ਖੇਤੀ-ਬਾੜੀ ਕਰਦਾ ਸੀ ਡੱਟ ਕੇ ਪਰ ਫਸਲ ਵੇਚ ਕੇ ਦਾਰੂ ਵੀ ਡੱਟ ਕੇ ਪੀਂਦਾ ਸੀ। ਜਿੰਨਾ ਚਿਰ ਪੈਸੇ ਨਹੀਂ ਮੁੱਕਦੇ ਸਨ ਘਰੇ ਨਹੀਂ ਸੀ ਵੜਦਾ। ਇਹ ਗੱਲਾਂ ਮੇਰੀ ਦਾਦੀ ਦੱਸਦੀ ਹੁੰਦੀ ਸੀ, ਰਾਤ ਨੂੰ ਜਦੋਂ ਮੈਂ ਜ਼ਿਦ ਕਰਦਾ ਹੁੰਦਾ ਸੀ, ਕਿ ਬਾਤ ਸੁਣਨੀ ਹੈ। ਉਹ ਕਹਿੰਦੀ ਹੁੰਦੀ ਸੀ ਮੇਰਾ ਪੁੱਤ ਹੋਵੇਂਗਾ ਤਾਂ ਸ਼ਰਾਬ ਨੂੰ ਹੱਥ ਨਾ ਲਾਈਂ। ਪਿਊ ਵਾਹੀ ਕਰਦਾ ਹੁੰਦਾ ਸੀ। ਬਾਪੂ ਨਾਲ ਉਹਨੂੰ ਵੀ ਖੌਰੇ ਕਾਹਦਾ ਝੋਰਾ ਸੀ । ਜਦੋਂ ਮਾਂ ਮਰ ਗਈ ਸੀ, ਮੇਰਾ ਛੋਟਾ ਭਰਾ 2 ਕੁ ਮਹੀਨਿਆਂ ਦਾ ਛੱਡ ਕੇ, ਉਹ ਚੁੱਪ ਹੋ ਗਿਆ ਤੇ ਦੂਸਰਾ ਵਿਆਹ ਉਹਨੇ ਨਹੀਂ ਕਰਾਇਆ। ਕਹਿੰਦਾ ਸੀ ਮੇਰੇ ਬੋਟਾਂ(ਬੱਚਿਆਂ)ਨੂੰ ਮਤਰੇਈ ਮਾਂ ਮਾਰ ਦੇਵੇਗੀ ਪਿਉ ਮੂਹਰੇ ਮਤਲਬ ਮੇਰੇ ਦਾਦੇ ਕੋਲ ਮੇਰਾ ਪਿਉ ਵੀ ਨਹੀਂ ਕੁਸਕਦਾ ਹੁੰਦਾ ਸੀ। ਇੱਕ ਵਾਰੀ ਕੁਸਕਿਆ ਸੀ ਕਿ ਸਾਰੀ ਕਮਾਈ ਦੀ ਸ਼ਰਾਬ ਪੀ ਜਾਂਦਾ ਹੈ ਤੇ ਆਪਣੇ ਵੈਲੀ ਯਾਰਾਂ ਨੂੰ ਸ਼ਰਾਬ ਪਿਆ ਦਿੰਦਾ ਹੈ। ਅਸੀਂ ਕਿਧਰ ਨੂੰ ਜਾਵਾਂਗੇ ਤਾਂ ਉਹਨੇ ਆਪਣੇ ਯਾਰ ਲਿਆ ਕੇ ਦਾਰੂ ਪਿਆ ਕੇ ਮੇਰੇ ਪਿਉ ਨੂੰ ਐਨਾ ਕੁਟਿਆ ਕਿ ਉਹਦੀਆਂ ਦੋਵੇ ਲੱਤਾਂ ਤੋੜ ਦਿੱਤੀਆਂ । ਮੈਂ ਉਹਦੋਂ 8 ਕੁ ਵਰ੍ਹਿਆਂ ਦਾ ਹੋਊਂਗਾ। ਮੈਂ ਭੱਜ ਕੇ ਜਾ ਕੇ ਗੁਆਂਢੀਆਂ ਦੇ ਘਰੋਂ ਬੇਬੇ ਨੂੰ ਲੈ ਆਇਆ ਜਿਹੜੀ ਗੁਆਂਢੀਆਂ ਦੇ ਆਟਾ ਲੈਣ ਗਈ ਸੀ ਕਿ ਬੇਬੇ ਭਾਪੇ ਨੂੰ ਘਰੇ ਕੁੱਟੀ ਜਾਂਦੇ ਹਨ । ਬੇਬੇ ਨੇ ਆ ਕੇ ਰੌਲਾ ਪਾਇਆ, ਲੋਕ ਇੱਕਠੇ ਕੀਤੇ ਫਿਰ ਮੇਰੇ ਪਿਉ ਨੂੰ ਬੁੜ੍ਹੇ ਕਿਸ਼ਨੇ ਦੇ ਗੱਡੇ 'ਚ ਪਾ ਕੇ ਨਾਲ ਦੇ ਪਿੰਡੋਂ ਜਾ ਕੇ ਸਿਆਣੇ ਤੋਂ ਲੱਤਾਂ ਬੰਨਵਾ ਕੇ ਲਿਆਂਦੀਆਂ ਪਰ ਮੇਰਾ ਦਾਦਾ ਮਹੀਨਾ ਘਰੇ ਨਾ ਵੜਿਆ।

ਮੇਰਾ ਗੱਚ ਭਰ ਆਇਆ, ਮੈਨੂੰ ਛੋਲੇ ਖਾਂਦੇ ਨੂੰ ਖੰਘ ਆ ਗਈ।

"ਪੁੱਤਰ ਮਾਸਟਰਾ ਮੈਂ ਪਾਣੀ ਲੈ ਕੇ ਆਉਂਦਾ,
ਇਹ ਛੋਲੇ ਖੁਸ਼ਕ ਹੁੰਦੇ ਹਨ ਤਦੇ ਹੀ ਹੱਥੂ ਆ ਗਿਆ।"

"ਉਹ ਨਹੀ ਬਾਬਾ ਐਨੇ ਖੁਸ਼ਕ ਨਹੀਂ ਹਨ ਜਿੰਨਾ ਤੇਰਾ ਬਚਪਨ ਪਿਆਰ ਤੋਂ ਖੁਸ਼ਕ ਸੀ।"

ਪਾਣੀ ਪੀ ਕੇ ਮੈਂ ਕੁਰਸੀ ਤੇ ਫਿਰ ਆ ਬੈਠਾ, "ਫਿਰ ਬਾਬਾ ਤੇਰੇ ਪਿਉ ਦੀਆਂ ਲੱਤਾਂ ਠੀਕ ਹੋ ਗਈਆਂ, ਤੂੰ ਬਾਬਾ ਕੁਝ ਪੜ੍ਹਿਆ ਹੈਗਾ ਕਿ ਨਹੀਂ ਤੇ ਤੇਰਾ ਛੋਟਾ ਭਰਾ?"

"ਪੁੱਤਰਾ ਕਾਹਦੀ ਪੜ੍ਹਾਈ, ਮੈਂ ਤਾਂ ਅੱਠ ਜਮਾਤਾਂ ਪੜ੍ਹ ਗਿਆ ਸੀ ਤੇ ਛੋਟਾ ਦਸ , ਜੱਟਾਂ ਦੀ ਕਾਹਦੀ ਪੜ੍ਹਾਈ, ਇਹ ਪੜ੍ਹਾਈ ਜਾ ਸਾਨੂੰ ਪਤਾ ਹੈ ਜਾ ਸਾਡੀ ਦਾਦੀ ਨੂੰ ।"

"ਦਾਦਾ ਤਾਂ ਥੋਨੂੰ ਦੱਸਿਆ ਹੀ ਹੈ ਇਹੋ ਜਿਹਾ ਸੀ । ਦਾਦੀ ਵਿਚਾਰੀ ਦੀਆਂ ਕੁਕੜੀਆਂ ਰੱਖੀਆਂ ਹੁੰਦੀਆਂ ਸਨ ਤੇ ਲੀੜੇ ਸਿਆਉਂਦੀ ਸੀ ਵਿਚਾਰੀ, ਕਿਤੇ ਆਂਡੇ ਵੇਚ ਕੇ ਕਿਤੇ ਮੁਰਗੀ ਵੇਚ ਕੇ ਸਾਡੀਆਂ ਫੀਸਾਂ ਭਰਦੀ ਸੀ ਵਿਚਾਰੀ। ਮੈਂ ਤੇ ਮੇਰਾ ਛੋਟਾ ਭਰਾ ਸਾਰਾ ਦਿਨ ਖੁੱਡੇ ਮੂਰੇ ਬੈਠੇ ਰਹਿੰਦੇ ਸੀ ਕਿ ਕਦੋਂ ਕੋਈ ਕੁਕੜੀ ਆਂਡਾ ਦੇਵੇ, ਚਾਹ-ਮਿੱਠਾ ਲੈ ਕੇ ਆਈਏ।"

"ਕੱਪੜੇ ਵੀ ਮਾਸਟਰ ਜੀ ਕਾਹਦੇ ਹੁੰਦੇ ਸੀ ਬੇਬੇ ਨੇ ਕੋਈ ਨਾ ਕੋਈ ਆਪਣੇ ਸੂਟ 'ਚੋਂ ਜਾਂ ਹੋਰ ਕਿਸੇ ਦੇ ਸੂਟ 'ਚੋਂ ਕੱਪੜਾ ਬਚਾ ਕੇ ਉਹਦਾ ਸਾਨੂੰ ਝੱਗਾ ਤੇ ਨੀਕਰ ਬਣਾ ਦੇਣੀ।" ਸਕੂਲੇ ਜਵਾਕਾਂ ਨੇ ਟਿੱਚਰਾਂ ਕਰਨੀਆਂ ਕਿ ਬੁੜ੍ਹੀਆਂ ਵਾਲੇ ਲੀੜੇ ਪਾਏ ਨੇ, ਪਰ ਮਾਸਟਰ ਜੀ ਨੰਗ ਤਾਂ ਢੱਕਣਾ ਹੀ ਹੋਇਆ, ਕਿਤੇ ਲੀੜੇ ਵੀ ਮਾੜੇ ਹੋਏ ਨੇ। ਬਸ ਮਾਸਟਰ ਜੀ ਹੌਂਸਲਾ ਸੀ ਤਾਂ ਇੱਕ ਇਹ ਕਿ ਸਾਡੇ ਦਾਦੇ ਦਾ ਭਰਾ ਕਨੇਡਾ ਗਿਆ ਸੀ ਜਦੋਂ ਵੀ ਉਨੇ ਆਉਣਾ ਤਾਂ ਮੇਰੀ ਬੇਬੇ ਨੂੰ ਆਖਣਾ ਕਿ ਮੈਂ ਤੇਰੇ ਪੋਤਰੇ ਕਨੇਡਾ ਲੈ ਜਾਣੇ ਹਨ। ਬਸ ਸਮਝ ਲੈ ਰਾਮ ਵਾਂਗ 14 ਸਾਲ ਦਾ ਬਨਵਾਸ ਮਿਲਿਆ ਹੈ। ਤੂੰ ਇੰਨਾਂ ਨੂੰ ਪੜ੍ਹਾ ਲੈ।

"ਇਹ ਇੱਕ ਇੱਕੋ-ਇੱਕ ਆਸ ਸੀ। ਪਿਉ ਫਿਰ ਦਾਦੇ ਨਾਲ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ ਤੇ ਦਾਦੀ ਜ਼ਿੰਦਗੀ ਨਾਲ ਹੱਥੋ ਪਾਈ, ਪਰ ਦਾਦੀ ਦਾ ਇੱਕ ਨੇਮ ਸੀ ਕਿ ਗੁਰਦੁਆਰੇ ਰੋਜ਼ ਜਾਂਦੀ ਸੀ। ਖੋਰੇ ਅਰਦਾਸ ਕਰਨ ਜਾਂ ਰੱਬ ਨੂੰ ਉਲਾਂਭਾ ਦੇਣ, ਇਹ ਉਹਨੂੰ ਪਤਾ ਸੀ ਤੇ ਸ਼ਾਇਦ ਇੱਕ ਦਿਨ ਵਾਹਿਗੁਰੂ ਨੇ ਉਹਦੀ ਅਰਦਾਸ ਸੁਣ ਵੀ ਲਈ ਇੱਕ ਗਲੀ ਦਾ ਅਵਾਰਾ ਕੁੱਤਾ ਬੇਬੇ ਵਿੱਚ ਐਨੀ ਜ਼ੋਰ ਦੀ ਵੱਜਿਆ ਕਿ ਉਹਦਾ ਚੂਲਾ ਟੁੱਟ ਗਿਆ ਤੇ ਉਹ ਮੰਜੇ ਜਾ ਪਈ। ਮੁੜ ਉਹ ਨਾ ਉਠੀ, ਦਾਦੇ ਤੋਂ ਡਰਦਾ ਕੋਈ ਰਿਸ਼ਤੇਦਾਰ ਘਰੇ ਨਾ ਵੜਦਾ,ਇਹਨਾਂ ਹੱਥਾਂ ਨਾਲ ਕੱਚੀਆਂ ਪੱਕੀਆਂ ਪਕਾਈਆਂ ਤੇ ਖਾ ਲਈਆਂ। ਬੇਬੇ ਨੇ ਮੰਜੇ ਤੇ ਪਈ ਨੇ ਡੁਸਕਦੀ ਰਹਿਣਾ ਕੀ ਬਣੂ ਮੇਰੇ ਘਰ ਦਾ ਤੇ ਇੱਕ ਦੁਪਹਿਰ ਉਹ ਆਸ ਦਾ ਦੀਵਾ ਵੀ ਮਾਸਟਰ ਜੀ ਬੁਝ ਗਿਆ। ਐਹਨਾਂ ਮੋਢਿਆਂ ਤੇ ਚੁੱਕ ਕੇ ਦਾਦੀ ਸਿਵਿਆਂ 'ਚ ਲਿਜਾ ਕੇ ਛੱਡ ਆਂਦੀ। ਜਿਹੜੀ ਅੱਗ ਵਿੱਚ ਉਹ ਆਪ ਸਾਰੀ ਉਮਰ ਅੰਦਰੋਂ-ਅੰਦਰੀ ਮੱਚਦੀ ਰਹੀ ਅੱਜ ਉਹੀ ਅੱਗ ਉਹਨੂੰ ਬਾਹਰੋਂ ਵੀ ਮਚਾ ਕੇ ਨਾਲ ਬਹੁਤ ਦੂਰ ਲੈ ਗਈ। ਕਹਿੰਦੇ ਐ ਜੀਹਦੇ ਨਾਲ ਜਿੰਨਾ ਪਿਆਰ ਹੋਵੇ ਉਹਦੇ ਨਾਲ ਉਨ੍ਹਾਂ ਹੀ ਉਹਦੇ ਸਿਵੇ 'ਚ ਮੱਚਣਾ ਪੈਂਦਾ ਹੈ। ਪਰ ਅਸੀਂ ਦੋਵੇਂ ਭਰਾ ਤਾਂ ਪੂਰੇ ਦੇ ਪੂਰੇ ਦਾਦੀ ਨਾਲ ਮੱਚੇ।" ਮੈਂ ਪੁੱਤਰਾ, ਉਦੋਂ 30 ਤੇ ਦੋ ਵਰ੍ਹਿਆਂ ਦਾ ਸੀ।

"ਹਾਲਾਂਕਿ ਇਹ ਸਵਾਲ ਪੁੱਛਣ ਵਾਲਾ ਨਹੀਂ ਸੀ ਫਿਰ ਵੀ ਮੈਂ ਭਰੇ ਗਚ ਨਾਲ ਪੁੱਛਿਆ, ਤੁਸੀਂ ਦੋਵੇਂ ਭਰਾ ਕੀ ਕਰਦੇ ਸੀ ਉਦੋਂ?"

"ਘਾਹੀਆਂ ਦੇ ਪੁੱਤਰਾਂ ਨੇ ਘਾਹ ਹੀ ਖੋਤਨਾ ਐ, ਮਾਸਟਰ ਜੀ। ਅਸੀਂ ਭਾਪੇ ਨਾਲ ਨਰਮਾਂ-ਕਪਾਹ ਬੀਜਦੇ ਤੇ ਮੱਝਾਂ ਰੱਖਦੇ । ਪਰ ਪੁੱਤਰਾ ਦੁੱਧ 7 ਰੁਪੈ ਕਿਲੋ ਤੇ ਬੋਤਲ 70 ਦੀ। ਸਾਡਾ ਦਾਦਾ ਵੀਹ ਸੇਰ ਦੁੱਧ ਇਕੱਲਾ ਹੀ ਪੀ ਜਾਂਦਾ ਮਤਲਬ ਦੋ ਬੋਤਲਾਂ। ਭਾਪਾ ਕਹਿੰਦਾ ਕਿ ਤੁਸੀਂ ਕੁਝ ਨਾ ਕਹੋ, ਜਿਵੇਂ ਮੈਂ ਚੁੱਪ ਹਾਂ ਚੁੱਪ ਰਹੋ।

ਕਨੇਡਾ ਵਾਲਾ ਦਾਦਾ ਵੀ ਕੁਝ ਨਾ ਕਰੇ । ਇਧਰੋਂ ਪੈਲੀ 'ਚੋਂ ਸਿਵਾਏ ਛਿੱਟੀਆਂ (ਨਰਮੇ ਕਪਾਹ ਦੀਆਂ) ਤੇ ਤੂੜੀ ਦੇ ਕੁਝ ਨਾ ਬਚੇ, ਰੋਟੀ-ਟੁੱਕ ਅਸੀਂ ਆਪ ਹੀ ਕਰਦੇ ਸੀ। ਮਾੜੇ ਮੋਟੇ ਰਿਸ਼ਤੇ ਆਉਂਦੇ ਸਨ ਪਰ ਸਾਡੀ ਦੋਵਾਂ ਭਰਾਵਾਂ ਦੀ ਆਸ ਕਨੇਡਾ ਤੇ ਸੀ ਕਿਉਂ ਘਰੇ ਜੋ ਦਾਦੇ ਦਾ ਹਾਲ ਬਣਾਇਆ ਸੀ । ਪੈਲੀ ਸਾਰੀ ਗਹਿਣੇ, ਕਿਹੜਾ ਜੱਟ ਕੁੜੀ ਨੂੰ ਖੂਹ 'ਚ ਧੱਕਾ ਦੇਵੇ । ਦੋ ਚਾਰ ਸਾਲ ਮਿਹਨਤ ਕਰਕੇ ਪੈਲੀ ਛੁਡਾ ਲਈ ਪਰ ਮੇਰੀ ਉਮਰ ਉਦੋਂ ਤਕ 38 ਵਰ੍ਹਿਆਂ ਦੀ ਹੋ ਗਈ ਸੀ। ਸਾਕ ਵਾਲਾ ਮੇਰੇ ਨੇੜੇ ਨਾ ਆਵੇ। ਹਾਂ ਛੋਟਾ ਹਾਲੇ ਨਿਆਣਾ ਸੀ ਉਹ 28 ਕੁ ਵਰ੍ਹਿਆਂ ਦਾ ਸੀ, ਭਾਪਾ ਆਖੇ ਤੈਨੂੰ ਛੱਡ ਕੇ ਛੋਟਾ ਨਹੀਂ ਵਿਆਹੁਣਾ ਪਰ ਮੇਰੀ ਜ਼ਿੱਦ ਅੱਗੇ ਕਿ ਮੈਂ ਵਿਆਹ ਹੀ ਨਹੀਂ ਕਰਾਉਣਾ, ਭਾਪੇ ਨੇ ਛੋਟਾ ਵਿਆਹ ਲਿਆ। ਚੁੰਨੀ ਚੜ੍ਹਾ ਕੇ ਭਰਜਾਈ ਲੈ ਆਂਦੀ, ਘਰ 'ਚ ਮਾੜੀ ਮੋਟੀ ਰੌਣਕ ਹੋਈ ਦੋਵੇਂ ਭਰਾ ਅਸੀਂ ਹਿੱਕ ਡਾਹ ਕੇ ਕੰਮ ਕਰਦੇ। ਪਰ ਦਾਦਾ ਆਪਣੀ ਹਿਡ ਦਾ ਪੱਕਾ ਬੂਹੇ ਵਾਲੀ ਬੈਠਕ 'ਚ ਆਪਣੇ ਯਾਰਾਂ ਦਾ ਮੇਲਾ ਲਾਈ ਰੱਖਦਾ। ਬੁੱਢਾ ਹੋਣ ਕਰਕੇ ਹੁਣ ਦਾਰੂ ਤਾਂ ਘੱਟ ਗਿਆ ਸੀ, ਸੁੱਖਾ ਤੇ ਅਫੀਮ ਛੱਕਦਾ ਸੇਰ-ਸੇਰ ਕਰਕੇ ਅਸੀਂ ਦੁੱਧ ਵੇਚਣਾ ਤੇ ਬੁੱਢੇ ਦੀ ਅਫੀਮ ਇੱਕ ਦਿਨ ਹੀ ਪੈਸੇ ਮੁਕਾ ਦਿੰਦੀ ਸੀ ।

ਭਾਪਾ ਤਾਂ ਖੇਤ ਹੀ ਪੈ ਜਾਇਆ ਕਰਦਾ ਸੀ, ਦਿਨੇ ਵੀ ਉਥੇ ਰਾਤ ਵੀ ਉਥੇ । ਖਰਚਾ ਪੂਰਾ ਨਾ ਹੁੰਦਾ ਵੇਖ ਕੇ ਛੋਟਾ ਭਰਾ ਮੈਨੂੰ ਕਹਿੰਦਾ, "ਵੇਖ ਬਾਈ ਜੇ ਤੂੰ ਆਖੇ ਤਾਂ ਮੈਂ ਸ਼ਹਿਰ ਕੋਈ ਕੰਮ ਲੱਭ ਲੈਂਦਾ ਹਾਂ ਵਾਹੀ ਤੂੰ ਤੇ ਭਾਪਾ ਕਰੀ ਚਲੋ ਤੇ ਭਰਜਾਈ ਤੇਰੇ ਘਰੇ ਡੰਗਰ ਸਾਂਭ ਲਿਆ ਕਰੂ । ਸ਼ਾਇਦ ਆਪਣਾ ਹੱਥ ਸੌਖਾ ਹੋ ਜਾਵੇ ਤੇ ਉਹ ਸ਼ਹਿਰ ਜਾਣ ਲੱਗ ਪਿਆ। ਕਿਸੇ ਰਾਜ ਮਿਸਤਰੀ ਇੱਟ-ਗਾਰੇ ਵਾਲੇ ਨਾਲ । ਮੈਂ ਬਹੁਤ ਲੜਨਾ ਕਿ ਇਹੋ ਜਿਹੇ ਕੰਮ ਆਪਾਂ ਨੂੰ ਸ਼ੋਭਾ ਨਹੀਂ ਦਿੰਦੇ ਪਰ ਉਹਨੇ ਕਹਿਣਾ ਬਾਈ ਜਿਹੜੇ ਇਹ ਕੰਮ ਕਰਦੇ ਹਨ ਉਹ ਵੀ ਤਾਂ ਕਿਸੇ ਮਾਂ ਦੇ ਪੁੱਤ ਹਨ ਨਾਲੇ ਆਥਣੇ 70 ਰੁਪੈ ਦਿਹਾੜੀ ਮਿਲ ਜਾਂਦੀ ਹੈ ਜੇ ਮੈਂ ਟੁੱਕ (ਰੋਟੀ) ਆਵਦਾ ਹੈ ਤਾਂ ਫਿਰ 90 ਚੁੱਕ । ਮਾਸਟਰਾ ਫਿਰ ਸਾਡੇ ਦਿਨ ਫਿਰਨ ਲੱਗੇ ਮਾੜਾ ਮੋਟਾ ਹੱਥ ਸੌਖਾ ਹੋ ਗਿਆ, ਪਰ ਬਹੁਤਾ ਚਿਰ ਨਹੀਂ ਸਾਡੇ ਘਰ ਨੂੰ ਫਿਰ ਨਜ਼ਰ ਲੱਗ ਗਈ।

ਛੋਟਾ ਕੰਮ ਕਰਨ ਗਿਆ ਕਿਸੇ ਦੀ ਕੋਠੀ ਦਾ ਲੈਂਟਰ ਪੈਂਦਾ ਸੀ ਉਪਰੋਂ ਪੈੜ ਬੰਨ੍ਹਦੇ ਦਾ ਪੈਰ ਤਿਲਕ ਗਿਆ, ਦੂਜੀ ਮੰਜਿਲ ਤੋਂ ਹੇਠਾ ਡਿੱਗ ਪਿਆ, ਡਿੱਗਦੇ ਹੀ ਮਣਕਾ ਟੁੱਟ ਗਿਆ, ਉਥੇ ਹੀ ਪੂਰਾ ਹੋ ਗਿਆ। ਲਾਲੇ ਪੈਸੇ ਦਿੰਦੇ ਸਨ, ਪਰ ਮੈਂ ਪੈਸਿਆਂ ਨਾਲ ਭਰਾ ਥੋੜਾ ਖਰੀਦ ਸਕਦਾ ਸੀ ਆਪਣੇ ਮੋਏ ਭਰਾ ਦਾ ਵੀ ਕੋਈ ਮੁੱਲ ਪਾਉਂਦਾ ਹੈ। ਐਨਾ ਕਮੀਨਾ ਥੋੜ੍ਹਾ ਸਾਂ, ਇੰਨਾਂ ਮੋਢਿਆ ਤੇ ਜਵਾਨਾ ਚੁੱਕ ਕੇ ਜਵਾਨ ਭਰਾ ਵੀ ਦਾਦੀ ਕੋਲ ਛੱਡ ਆਇਆ। ਵਿਯੋਗ 'ਚ ਮੇਰਾ ਪਿਉ ਵੀ ਸਾਲ ਅੰਦਰ ਪੂਰਾ ਹੋ ਗਿਆ। ਭਰਜਾਈ ਮੇਰੇ ਘਰੇ ਬਿਠਾਉਂਦੇ ਸਨ । ਮੈਂ ਕਿਹਾ ਇਹ ਮੇਰੇ ਭਰਾ ਦੀ ਅਮਾਨਤ ਹੈ, ਮੈਂ ਅਮਾਨਤ 'ਚ ਖਿਆਮਤ ਨਹੀਂ ਕਰਸਕਦਾ। ਭਰਾ ਦੇ ਇੱਕ ਮੁੰਡਾ ਸੀ ਮੇਰਾ ਭਤੀਜਾ ਉਹਨੂੰ ਮੈਂ ਆਪਣੇ ਭਰਾ ਦੀ ਆਖਰੀ ਨਿਸ਼ਾਨੀ ਸਮਝਦਾ ਹਾਂ। ਦਾਦੇ ਦੇ ਮਰਨ ਪਿੱਛੋਂ ਮੈਂ ਸਾਰੀ ਜ਼ਮੀਨ ਆਪਣੇ ਭਰਾ ਦੇ ਮੁੰਡੇ ਦੇ ਨਾਂ ਦੋ ਕਿੱਲੇ ਜੋ ਬਚਦੇ ਸਨ, ਉਹਦੇ ਨਾਲ ਲਵਾ ਦਿੱਤੀ। ਮੈਥੋਂ ਕੰਮ ਨਹੀਂ ਹੁੰਦਾ, ਬਹੁਤ ਕੀਤਾ, ਥੱਕ ਗਿਆ ਮਾਸਟਰ ਜੀ,ਉਹਦੀ ਮਾਂ ਮੇਰੀ ਭਰਜਾਈ ਲੋਕਾਂ ਦੇ ਦਾਦੀ ਵਾਂਗੂ ਲੀੜੇ ਸਿਉਂਦੀ ਹੈ ਤੇ ਮੈਂ ਇਥੇ ਸਮਾਨ ਵੇਚਦਾ ਹਾਂ। ਸ਼ਾਇਦ ਉਹ ਪੜ੍ਹ ਲਿਖ ਜਾਵੇ ਤੁਹਾਡੇ ਵਾਂਗੂ ਮਾਸਟਰ ਲੱਗ ਜਾਵੇ ਮਹਾਰਾਜ ਉਹਦੀ ਉਮਰ ਲੰਮੀ ਕਰੇ।"

ਬਾਬੇ ਦੇ ਚਿਹਰੇ ਉਪੱਰ ਜਦੋਂ ਮੈਂ ਨਿਗ੍ਹਾ ਮਾਰੀ ਤਾਂ ਸਾਰਾ ਚਿਹਰਾ ਹੰਝੂਆਂ ਨਾਲ ਗੱਚ ਹੋਇਆ ਪਿਆ ਸੀ। ਮੈਨੂੰ ਇਹ ਹੰਝੂ ਅੰਮ੍ਰਿਤ ਤੋਂ ਘੱਟ ਨਹੀਂ ਜਾਪਦੇ ਸਨ। ਦਿਲ ਕਰੇ ਇਨ੍ਹਾਂ ਹੰਝੂਆਂ ਨੂੰ ਦਾਰੂ ਦੇ ਪਿਆਲੇ ਵਾਂਗ ਡੀਕ ਲਾ ਕੇ ਪੀ ਜਾਵਾਂ।

ਮੈਂ ਉਠੱ ਕੇ ਬਾਬੇ ਨੂੰ ਗਲਵੱਕੜੀ 'ਚ ਲੈ ਲਿਆ,"ਧੰਨ ਬਾਬਾ ਤੂੰ ,ਧੰਨ ਤੇਰੀ ਕਮਾਈ, ਧੰਨ ਤੇਰਾ ਜਿਗਰਾ, ਗੁਰੂਆਂ ਨੇ ਤਾਂ ਭੀੜਾਂ ਕੱਟੀਆਂ ਸਨ, ਪਰ ਅੱਜ ਗੁਰੂ ਦਾ ਸਿੱਖ ਹਰੀ ਸਿਉਂ, ਹਰੀ ਸਿੰਘ ਨਲੂਏ ਵਰਗਾ ਦਲੇਰ ਵੀ ਵੇਖ ਲਿਆ। ਅੱਜ ਤੋਂ ਬਾਅਦ ਮੇਰਾ ਜ਼ੁੰਮਾ ਰਿਹਾ, ਤੇਰੇ ਭਤੀਜੇ ਨੂੰ ਪੜ੍ਹਾ, ਲਿਖਾ ਕੇ ਚੰਗਾ ਆਦਮੀ ਬਣਾਉਣ ਦਾ ਤੇ ਨੌਕਰੀ ਤੇ ਲਵਾਉਣ ਦਾ,ਬੱਸ ਬਾਬਾ ਇੱਕ ਗੱਲ ਮੰਨਣੀ ਪਊ।"

"ਹਾਂ, ਦੱਸ ਪੁੱਤਰਾ ਮੈਂ ਇੱਕ ਨਹੀਂ ਸੌ (100) ਗੱਲ ਮੰਨਣ ਨੂੰ ਤਿਆਰ ਹਾਂ, ਦੱਸ ਮੈਂ ਜਾ ਕੇ ਸੁਰਗਾ 'ਚ ਆਪਣੀ ਦਾਦੀ ਨੂੰ ਮੂੰਹ ਦਿਖਾਉਣ ਜੋਗਾ ਰਹਿ ਜਾਵਾਂ, ਕਿ ਦੇਖ ਬੇਬੇ ਤੇਰੇ ਪੜ-ਪੋਤਰੇ ਦੀ ਜੂਨ ਸੁਧਾਰ ਆਇਆ ਹਾਂ।"

ਗੱਲ ਇਹ ਹੈ ਕਿ "ਬਾਬਾ ਤੂੰ ਉਸ ਨੂੰ ਪੈਲੀ ਦਾ ਹੌਂਸਲਾ ਨਾ ਦੇਈਂ ਕਿ ਤੇਰੇ ਕੋਲ ਪੈਲੀ ਹੈ, ਬਸ ਪੜ੍ਹਾ ਲਿਖਾ ਦੇ।" ਉਸ ਦਿਨ ਤੋਂ ਮੈਂ ਵੀ ਪੱਤਣ ਵੇਖ ਲਿਆ ਕਿ ਸ਼ਰਾਬੀ ਦੀ ਜੂਨ ਇਹੋ ਜਿਹੀ ਹੁੰਦੀ ਐ। ਬਾਬੇ ਦਾ ਤਾਂ ਪਹਿਲਾਂ ਹੀ ਦੇਖਿਆ ਸੀ। ਸਮਾਂ ਤੇ ਕੀੜੀ ਕਦੇ ਵੀ ਸੌਂਦੇ ਨਹੀਂ ਬਸ ਤੁਰੇ ਹੀ ਜਾਂਦੇ ਹਨ ਸੋ ਬਾਬੇ ਦਾ ਭਤੀਜਾ ਕਲਰਕ ਲੱਗ ਗਿਆ। ਉਸਨੇ ਆਪਣੀ ਮਾਂ ਅਤੇ ਤਾਏ ਨੂੰ ਹੁਣ ਕੰਮ ਕਰਨ ਤੋਂ ਰੋਕ ਦਿੱਤਾ ਅਤੇ ਅਰਾਮ ਕਰਨ ਵਾਸਤੇ ਆਖਿਆ। ਸਟਾਫ ਤੋਂ ਇੱਕ ਦਿਨ ਮੈਨੂੰ ਪਤਾ ਚੱਲਿਆ ਕਿ ਬਾਬਾ ਹਰੀ ਸਿਉਂ ਬਿਮਾਰ ਹੈ, ਹਸਪਤਾਲ ਦਾਖਲ ਹੈ। ਮੈਂ ਪਤਾ ਲੈਣ ਵਾਸਤੇ ਹਸਪਤਾਲ ਚਲਾ ਗਿਆ ਵੈਸੇ ਹਸਪਤਾਲ ਦਾ ਮਤਲਬ ਹੁੰਦਾ ਹੈ ਕਿ ਹਾਸੇ ਪਤਾਲ 'ਚ ਚਲੇ ਜਾਂਦੇ ਹਨ, ਬਸ ਇਥੇ ਸਾਰੇ ਦੁਖੀ ਹੁੰਦੇ ਹਨ ਹਸ-ਪਤਾਲ। ਮੈਨੂੰ ਵੇਖ ਕੇ ਉਸਦੇ ਚਿਹਰੇ ਤੇ ਰੌਣਕ ਆਈ।

ਮੈਂ ਉਸਨੂੰ ਕਿਹਾ, "ਬਾਬਾ ਹੁਣ ਤੈਨੂੰ ਕਾਹਦਾ ਝੋਰਾ ਹੈ, ਹੁਣ ਤਾਂ ਤੇਰੇ ਐਸ਼ ਕਰਨ ਦੇ ਦਿਨ ਹਨ, ਹੁਣ ਤੂੰ ਕਿਉਂ ਹੌਂਸਲਾ ਛੱਡਦਾ ਹੈਂ। "ਪੁੱਤਰਾ, ਸੱਥ ਵਿੱਚ ਇੱਕ ਦਿਨ ਗੱਲਾਂ ਕਰਦੇ ਸੀ ਕਿ ਬਨਾਉਟੀ ਉਪ ਗ੍ਰਹਿ ਨੂੰ ਰਾਕਟ ਅਸਮਾਨ 'ਚ ਛੱਡ ਕੇ ਆਉਂਦਾ ਹੈ। ਉਨਾ ਈਂਧਨ ਰਾਕਟ ਵਿੱਚ ਹੁੰਦਾ ਹੈ ਦਿੱਤੀ ਹੋਈ ਦੂਰੀ ਤੇ ਉਸ ਉਪ ਗ੍ਰਹਿ ਨੂੰ ਛੱਡ ਕੇ ਰਾਕਟ ਭਸਮ ਹੋ ਜਾਂਦਾ ਹੈ। ਸੋ ਪੁੱਤਰਾ ਮੈਂ ਵੀ ਆਪਣਾ ਫਰਜ਼ ਪੂਰਾ ਕੀਤਾ ਦੇਖ, ਮੇਰਾ ਭਰਾ, ਦਾਦੀ, ਭਾਪਾ ਮੈਨੂੰ ਬੁਲਾ ਰਹੇ ਹਨ। ਮੈਂ ਉਨ੍ਹਾਂ ਕੋਲ ਜਾਣਾ ਹੈ, ਖਿਆਲ ਰੱਖੀਂ ਇਹ ਤੇਰੇ ਪੁੱਤਰਾਂ ਵਰਗਾ ਹੈ। ਡਾਕਟਰ ਦੇ ਆਉਣ ਤੇ ਸਾਰੇ ਬਾਹਰ ਆ ਗਏ ਮੈਂ ਵੀ ਹੌਂਸਲਾ ਦੇ ਕੇ ਘਰ ਆ ਗਿਆ, ਮੈਂ ਕੋਠੇ ਉਪੱਰ ਪਿਆ ਅਸਮਾਨ ਵੱਲ ਵੇਖ ਰਿਹਾ ਸੀ, ਅੱਧੀ ਰਾਤ ਇੱਕ ਤਾਰਾ ਅਸਮਾਨ ਤੋਂ ਟੁੱਟ ਗਿਆ ਤਾਂ ਮਨ ਤ੍ਰਬਕਿਆ, ਸਵੇਰੇ ਘਰੇ ਸੁਨੇਹਾ ਆ ਗਿਆ ਕਿ ਰਾਤ ਬਾਬਾ ਹਰੀ ਸਿਉਂ ਪੂਰਾ ਹੋ ਗਿਆ।

ਅੱਜ ਵੀ ਜਦੋਂ ਕਿਤੇ ਅਸਮਾਨ 'ਚ ਤਾਰਾ ਟੁੱਟਦਾ ਵੇਖਦਾ ਹਾਂ ਤਾਂ ਬਾਬਾ ਹਰੀ ਸਿਉਂ ਯਾਦ ਅਉਂਦਾ ਹੈ ਕਿ ਫਿਰ ਕੋਈ ਰਾਕੇਟ ਉਪਗ੍ਰਹਿ ਨੂੰ ਟਿਕਾਣੇ ਛੱਡ ਕੇ ਭਸਮ ਹੋ ਗਿਆ।

ਪਿੰਡ:- ਫਤਹਿਗੜ੍ਹ ਕੋਰੋਟਾਣਾ
ਫੋਨ :94630-84053
ਈ-ਮੇਲ:- brownkingfateh@yahoo.com